¼12½

# ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

## ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ

ਸੰ. ਡੀ.ਡੀ.ਐਮ.ਏ./ਕੋਵਿਡ/2020/1/ ਮਿਤੀ 01.04.2020

## ਹੁਕਮ

ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਕੋਵਿਡ-19 ਮਹਾਮਾਰੀ ਦੇ ਫੈਲਣ ਤੋਂ ਚਿੰਤਤ ਹੈ, ਜਿਸ ਨੂੰ ਵਿਸ਼ਵ ਸਿਹਤ ਸੰਗਠਨ ਦੁਆਰਾ ਪਹਿਲਾਂ ਹੀ ਸੰਸਾਰਕ ਮਹਾਮਾਰੀ ਐਲਾਨ ਕੀਤਾ ਜਾ ਚੁੱਕਿਆ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਵਿਚ ਇਸ ਨੂੰ ਫੈਲਣ ਤੋਂ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ।

ਅਤੇ ਜਦੋਂ ਕਿ, ਪਟੀਸ਼ਨ ਨੰ. 468/2-2- ਅਤੇ 469/2020 ਵਿਚ ਮਾਣਯੋਗ ਸੁਪਰੀਮ ਕੋਰਟ ਨੇ ਆਪਣੇ ਮਿਤੀ 31.03.2020 ਦੇ ਹੁਕਮਾਂ (ਕਾਪੀ ਨੱਥੀ) ਦੇ ਤਹਿਤ ਇਹ ਮੰਨਿਆ ਹੈ ਕਿ ਇਲੈਕਟ੍ਰੋਨਿਕ, ਪ੍ਰਿੰਟ ਜਾਂ ਸੋਸ਼ਲ ਮੀਡੀਆ ਦੁਆਰਾ ਝੂਠੀਆਂ ਖ਼ਬਰਾਂ ਫੈਲਾਉਣ ਜਿਹੀ ਬੁਰਾਈ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਮਾਣਯੋਗ ਸੁਪਰੀਮ ਕੋਰਟ ਨੇ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਮੀਡੀਆ ਹੋ ਰਹੇ ਵਿਕਾਸ ਬਾਰੇ ਦੇਖੇ ਅਤੇ ਉਨ੍ਹਾਂ ਬਾਰੇ ਅਧਿਕਾਰਤ ਐਡੀਸ਼ਨ ਜਾਰੀ ਕਰੇ ਅਤੇ ਇਹ ਜ਼ਰੂਰੀ ਕਰੇ ਕਿ ਅਪ੍ਰਮਾਣਿਕ ਖ਼ਬਰਾਂ ਜੋ ਡਰ ਦਾ ਕਾਰਨ ਬਣਦੀਆਂ ਹਨ, ਉਨ੍ਹਾਂ ਨੂੰ ਫੈਲਣ ਨਾ ਦਿੱਤਾ ਜਾਏ। ਨਾਲ ਹੀ ਇਹ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਸਾਰੇ ਧਰਮਾਂ ਦੇ ਸਿੱਖਿਅਤ ਕਾਊਂਸਲਰ ਅਤੇ / ਜਾਂ ਕਮਿਊਨਿਟੀ ਗਰੁੱਪਾਂ ਦੇ ਲੀਡਰ ਰਾਹਤ ਕੇਂਦਰਾਂ/ਸ਼ੈਲਟਰ ਹੋਮ ਦੇ ਦੌਰੇ ਕਰਨ ਅਤੇ ਪ੍ਰਵਾਸੀਆਂ ਦੇ ਸਾਹਮਣੇ ਆਉਣ ਵਾਲੀਆਂ ਕਿਸੇ ਵੀ ਤਰ੍ਹਾਂ ਦੀਆਂ ਔਕੜਾਂ ਨੂੰ ਸੁਲਝਾਉਣ। ਮਾਣਯੋਗ ਅਦਾਲਤ ਨੇ ਇਹ ਆਸ ਵੀ ਪ੍ਰਗਟ ਕੀਤੀ ਹੈ ਕਿ ਪੁਲੀਸ ਦੇ ਨਾਲ ਆਪੇ ਤਿਆਰ ਸਵੈ-ਸੇਵਕ ਵੀ ਪ੍ਰਵਾਸੀਆਂ ਨਾਲ ਨਰਮੀ ਨਾਲ ਵਿਹਾਰ ਕਰਦੇ ਹੋਏ ਉਨ੍ਹਾਂ ਲਈ ਕਲਿਆਣਕਾਰੀ ਗਤੀਵਿਧੀਆਂ ਨੂੰ ਦੇਖੇ ਜਾਣ ਵਿਚ ਸ਼ਾਮਲ ਹੋਣ।

ਇਸ ਲਈ, ਹੁਣ ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ ਦੀ ਧਾਰਾ 22 ਦੇ ਤਹਿਤ ਮੌਜੂਦ ਸ਼ਕਤੀਆਂ ਦੀ ਪਾਲਣਾ ਕਰਦੇ ਹੋਏ, ਰਾਜ ਕਾਰਜਕਾਰੀ ਸਮਿਤੀ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਮੁਖੀ ਦੇ ਤੌਰ 'ਤੇ, ਨਿਮਨ ਹਸਤਾਖ਼ਰੀ ਦੁਆਰਾ ਨਿਦੇਸ਼ਕ, ਡੀ. ਆਈ ਪੀ., ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਨੂੰ ਜ਼ਰੂਰੀ ਨਿਰਦੇਸ਼ ਜਾਰੀ ਕਰਦੇ ਹੋਏ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਉਹ ਮੀਡੀਆ ਦੇ ਵੱਖ-ਵੱਖ ਮਾਧਿਅਮਾਂ (ਪ੍ਰਿੰਟ, ਇਲੈਕਟ੍ਰਾਨਿਕ ਜਾਂ ਸੋਸ਼ਲ) ਦੁਆਰਾ ਕੀਤੇ ਜਾ ਰਹੇ ਕੰਮਾਂ 'ਤੇ ਲਗਾਤਾਰ ਨਜ਼ਰ ਰੱਖੇ ਤਾਂ ਕਿ ਇਹ ਪੱਕਾ ਕੀਤਾ ਜਾ ਸਕੇ ਕਿ ਅਪ੍ਰਮਾਣਿਤ ਖ਼ਬਰਾਂ ਜੋ ਡਰ ਦਾ ਕਾਰਨ ਬਣਦੀਆਂ ਹੋਣ, ਉਨ੍ਹਾਂ ਨੂੰ ਫੈਲਣ ਨਾ ਦਿੱਤਾ ਜਾਏ। ਨਿਦੇਸ਼ਕ (ਡੀ.ਆਈ.ਪੀ.) ਇਹ ਪੱਕਾ ਕਰਨ ਲਈ ਸਾਰੇ ਗ਼ੈਰ-ਜ਼ਰੂਰੀ ਤਰੀਕੇ ਇਸਤੇਮਾਲ ਕਰੇ ਕਿ ਲੋਕਾਂ ਦੇ ਸ਼ੰਕੇ ਦੂਰ ਕੀਤੇ ਜਾ ਸਕਣ ਤਾਂ ਕਿ ਝੂਠੀਆਂ ਖ਼ਬਰਾਂ ਨਾਲ ਕੋਈ ਡਰ ਪੈਦਾ ਨਾ ਹੋ ਸਕੇ। ਭਾਰਤ ਦੇ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਨਾ ਮੰਨਣ ਦੇ ਮਾਮਲੇ ਵਿਚ, ਨਿਰਧਾਰਤ ਕਾਨੂੰਨੀ ਪ੍ਰਬੰਧਾਂ ਦੇ ਅਨੁਸਾਰ ਦੋਸ਼ੀਆਂ ਦੇ ਖ਼ਿਲਾਫ਼ ਸਜ਼ਾਯਾਫਤਾ ਕਾਰਵਾਈ ਕੀਤੀ ਜਾਵੇ। ਨਾਲ ਹੀ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਦੇ ਨਾਲ-ਨਾਲ ਉਨ੍ਹਾਂ ਦੇ ਬਰਾਬਰ ਜ਼ਿਲ੍ਹਾ ਪੁਲੀਸ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਸਾਰੇ ਧਰਮਾਂ ਦੇ ਸਿੱਖਿਅਤ ਕਾਊਂਸਲਰ ਅਤੇ/ਜਾਂ ਕਮਿਊਨਿਟੀ ਗਰੁੱਪਾਂ ਦੇ ਲੀਡਰ ਰਾਹਤ ਕੇਂਦਰਾਂ/ਸ਼ੈਲਟਰ ਹੋਮ ਦੇ ਦੌਰੇ ਕਰਨ ਦੇ ਸੰਬੰਧ ਵਿਚ ਉਪਰੋਕਤ ਨਿਰਦੇਸ਼ਾਂ ਦਾ ਲਾਗੂ ਕਰਨਾ ਪੱਕਾ ਕਰੇ। ਪੁਲਿਸ ਦੇ ਨਾਲ ਨਾਲ ਸਵੈ-ਸੇਵਕਾਂ ਦੀ ਤੈਨਾਤੀ ਵੀ ਪੱਕੀ ਕਰੇ ਤਾਂ ਕਿ ਪ੍ਰਵਾਸੀਆਂ ਲਈ ਕਲਿਆਣਕਾਰੀ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਸਕੇ।

ਇਹ ਹੁਕਮ ਫੌਰੀ ਤੌਰ 'ਤੇ ਲਾਗੂ ਹੋਣਗੇ।

Scanned with CamScanner

(ਵਿਜੇ ਦੇਵ)

ਮੁੱਖ ਸਕੱਤਰ, ਦਿੱਲੀ

ਪਾਲਣਾ ਲਈ ਕਾਪੀ :

1- ਨਿਰਦੇਸ਼ਕ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

2- ਸਾਰੇ ਜ਼ਿਲ੍ਹਾ ਮੈਜਿਸਟ੍ਰੇਟ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3- ਸਾਰੇ ਜ਼ਿਲ੍ਹਾ ਡੀ. ਸੀ. ਪੀ., ਦਿੱਲੀ ਪੁਲੀਸ।

ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਕਾਪੀ :-

1- ਪ੍ਰਧਾਨ ਸਕੱਤਰ, ਮਾਣਯੋਗ ਉਪ-ਰਾਜਪਾਲ, ਦਿੱਲੀ।

2- ਵਧੀਕ ਸਕੱਤਰ, ਮਾਣਯੋਗ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3- ਸਕੱਤਰ, ਮਾਣਯੋਗ ਉਪ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

4- ਵਧੀਕ ਮੁੱਖ ਸਕੱਤਰ, ਹੋਮ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

5- ਕਮਿਸ਼ਨਰ ਪੁਲੀਸ, ਦਿੱਲੀ

6- ਮੰਡਲ ਕਮਿਸ਼ਨਰ-ਸਹਿ-ਪ੍ਰਧਾਨ ਸਕੱਤਰ (ਮਾਲੀਆ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

7- ਸਕੱਤਰ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

8- ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈਬ-ਸਾਈਟ 'ਤੇ ਅੱਪਲੋਡ ਕਰਨ ਲਈ।

Scanned with CamScanner